**Series : RKM/1**

Code No. **6/1**

Roll No. | | | | | | | |

Candidates must write the code on the title page of the answer-book.

- Please check that this question paper contains 4 printed pages.
- Code number given on the right hand side of the question paper should be written on the title page of the answer-book by the candidate.
- Please check that this question paper contains 11 questions.
- **Please write down the Serial Number of the question before attempting it.**

# PUNJABI

# ਪੰਜਾਬੀ

*Time allowed : 3 hours]* *[Maximum marks : 100*

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 100*

**ਨੋਟ :** ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।

ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

**ਭਾਗ-ੳ**

1. (ੳ) ਹੇਠ ਲਿਖਿਆਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ :

(i) ਲਾ (ਅੱਗੇ ਲਾ ਕੇ ਦੋ ਸ਼ਬਦ ਬਣਾਓ) **1**

(ii) ਪਣ (ਪਿਛੇਤਰ ਲਾ ਕੇ ਦੋ ਸ਼ਬਦ ਬਣਾਓ) **1**

(iii) ਅਰਥ ਸੰਬੰਧੀ ਸ਼ਾਸ਼ਤਰ (ਸਮਾਸੀ ਸ਼ਬਦ ਬਣਾਓ) **1**

(ਅ) ਹੇਠ ਲਿਖੇ ਵਾਕ ਵਿੱਚ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ :

ਅੰਕਿਤ ਅਤੇ ਗੁੱਡੋ ਸਕੂਲ ਚਲੇ ਗਏ । **3**

(ੲ) (i) ਸ਼ੀਲਾ ਦੇ ਹਾਰ, ਅੰਗੂਠੀ ਅਤੇ ਪੈੱਨ ਨਹੀਂ ਮਿਲਦਾ । (ਵਾਕ ਨੂੰ ਸ਼ੁਧ ਕਰਕੇ ਲਿਖੋ) **1**

(ii) ਵੇਹੜਾ, ਵੌਂਹਟੀ, ਚਤੁਣਾ, ਭਗਤਿ (ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ) $\mathbf{4 \times \frac{1}{2} = 2}$

(ਸ) (i) ਨੇਤਾ ਜੀ ਲੋਕ ਸਭਾ ਦੀ ਚੋਣ ਨਹੀਂ ਜਿੱਤ ਸਕੇ । (ਹਾਂ ਵਾਚਕ ਵਿੱਚ ਬਦਲੋ) **1**

(ii) ਬੱਚਿਓ ! ਜੁੱਗ ਜੁੱਗ ਜੀਓ । (ਸਧਾਰਨ ਵਾਕ ਬਣਾਓ) **1**

(iii) ਸੁਦੇਸ਼ ਨੇ ਸ਼ੀਸ਼ਾ ਤੋੜਿਆ । (ਕਰਤਰੀ ਤੋਂ ਕਰਮਨੀ ਵਾਕ ਵਿੱਚ ਬਦਲੋ) **1**

(ਹ) ਉਸ ਨੇ ਆਪਣੀ ਪਤਨੀ ਨੂੰ ਆਵਾਜ਼ ਦਿੱਤੀ ਮਨਜੀਤ ਜੀ ਸੈਲਾਨੀ ਪਰਵਾਰ ਆਇਆ ਹੈ ਇਹਨਾਂ ਲਈ ਚਾਹ ਤਿਆਰ ਕਰੋ ਇੱਕ ਨਰੋਏ ਸਰੀਰ ਦੀ ਹੰਸੂ ਹੰਸੂ ਕਰਦੀ ਬੀਬੀ ਆਈ ਤੇ ਕਹਿਣ ਲੱਗੀ ਆਪਣੇ ਘਰ ਸੱਜਨ ਆਉਣ ਤਾਂ ਕਿਉਂ ਨਾ ਚਾਹ ਪਿਆਈਏ । (ਵਿਸ਼ਰਾਮ ਚਿੰਨ੍ਹ ਲਾਓ) **3**

2. (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ **ਕੋਈ ਤਿੰਨ** ਮੁਹਾਵਰੇ ਆਪਣੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ :

(i) ਪਾਪੜ ਵੇਲਣੇ । (ii) ਪੈਰਾਂ ਤੇ ਪਾਣੀ ਨਾ ਪੈਣ ਦੇਣਾ ।

(iii) ਬੇੜੀਆਂ ਵਿੱਚ ਵੱਟੇ ਪਾਉਣੇ । (iv) ਲੋਈ ਲਾਹੁਣੀ ।

(v) ਵਧਾਣ ਵਧ ਜਾਣਾ । **1 × 3 = 3**

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਉੱਤੇ ਵਰਤੇ ਜਾਂਦੇ ਹਨ ?

(i) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ।

(ii) ਪੰਜੇ ਉਂਗਲੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ । **2**

3. ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ ਲਗ-ਪਗ 300 ਸ਼ਬਦਾਂ ਦਾ ਲੇਖ ਲਿਖੋ :

(i) ਨੌਜਵਾਨਾਂ ਵਿੱਚ ਵਧ ਰਿਹਾ ਮੋਬਾਇਲ ਫੋਨ ਦਾ ਚਲਣ ।

(ii) ਭ੍ਰਿਸ਼ਟਾਚਾਰ ਸਮਾਜ ਲਈ ਸਰਾਪ ।

(iii) ਸਮੇਂ ਦਾ ਸਦ-ਉਪਯੋਗ ।

(iv) ਭਾਰਤ ਵਿੱਚ ਬੁਜ਼ਰਗਾਂ ਦਾ ਸਥਾਨ ।

(v) ਮਨਿ ਜੀਤੈ ਜਗੁ ਜੀਤ । **12**

4. ਪੰਜਾਬੀ ਦੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਕੇ ਦੱਸੋ ਕਿ ਸ਼ਹਿਰ ਵਿੱਚ ਦਿਨ ਪ੍ਰਤੀ ਦਿਨ ਗੁੰਡਾ ਗਰਦੀ ਦੀਆਂ ਵਾਰਦਾਤਾਂ ਵਧ ਰਹੀਆਂ ਹਨ ਅਤੇ ਇਹਨਾਂ ਤੋਂ ਬਚਨ ਲਈ ਸਰਕਾਰ ਕੀ ਠੋਸ ਕਦਮ ਚੁੱਕੇ । **8**

**ਜਾਂ**

ਤੁਹਾਡਾ ਟੈਲੀਫੋਨ ਦੋ ਮਹੀਨੇ ਖ਼ਰਾਬ ਰਿਹਾ, ਟੈਲੀਫੋਨ ਦਫ਼ਤਰ ਦੇ ਮਨੈਜਰ ਨੂੰ ਉਸ ਸਮੇਂ ਲਈ ਟੈਲੀਫੋਨ ਦਾ ਕਿਰਾਇਆ ਨਾ ਲੈਣ ਲਈ ਪੱਤਰ ਲਿਖੋ ।

5. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

'ਦੇਸ ਕੌਮ ਦੀ ਸੇਵਾ ਕਰਨ ਵਾਲਾ ਇੱਕ ਉਹ ਵਿਅਕਤੀ ਜਿਹੜਾ ਆਪਣੀ ਧੁਨ ਵਿੱਚ ਕੰਮ ਕਰੀ ਜਾ ਰਿਹਾ ਹੈ, ਉਸ ਨੂੰ ਧੁੱਪ-ਛਾਂ, ਗਰਮੀ-ਸਰਦੀ, ਭੁਖ-ਤ੍ਰੇਹ ਦੀ ਪਰਵਾਹ ਨਹੀਂ, ਨਾ ਕਿਸੇ ਦੇ ਤਾਹਨਿਆਂ ਮਿਹਣਿਆਂ ਦੀ ਪਰਵਾਹ ਹੈ । ਕਈ ਵਾਰ ਤਾਂ ਉਹ ਆਪਣੇ ਪਰਵਾਰ ਦੀ ਰੋਜ਼ੀ-ਰੋਟੀ ਦੀ ਵੀ ਪਰਵਾਹ ਨਹੀਂ ਕਰਦਾ ਪਰ ਜੇ ਉਹ ਨਾ ਤਾਂ ਦੇਸ ਸੇਵਾ ਅਤੇ ਸਮਾਜ ਸੇਵਾ ਕਰੇ, ਸਗੋਂ ਇਸ ਦੇ ਪਿੱਛੇ ਲਾਲਚ, ਗੱਦੀਆਂ, ਕੁਰਸੀਆਂ ਦਾ ਹੋਵੇ ਕਿਤੇ ਕੋਈ ਮੈਂਬਰੀ ਪ੍ਰਧਾਨਗੀ ਜਾਂ ਵਜ਼ਾਰਤ ਨੂੰ ਹੱਥ ਪੈ ਜਾਵੇ ਤਾਂ ਇਹ ਸੇਵਾ ਤਾਂਨਾ ਹੋਈ ਨਾ । ਐਸੇ ਸੇਵਕ ਉੱਤੋਂ ਸੌਖੇ ਪਛਾਣ ਵਿੱਚ ਆਉਣ ਲਗਦੇ ਹਨ, ਜਦ ਉਹ ਕਿਸੇ ਸਮਾਜਿਕ, ਧਾਰਮਿਕ ਸਟੇਜ ਉਤੇ ਜਾਂ ਰਾਜਨੀਤਿਕ ਮੰਚ ਉੱਤੇ ਆਪਣੇ ਗੁਣ ਦੱਸਣ ਦੀ ਥਾਂ, ਦੂਜਿਆਂ ਉੱਤੇ ਚਿੱਕੜ ਸੁਟਦੇ ਹਨ । ਕਈ ਵਾਰ ਤਾਂ ਗੁੱਟਬਾਜੀ ਐਸਾ ਭਿਆਨਕ ਰੂਪ ਧਾਰਨ ਕਰ ਜਾਂਦੀ ਹੈ ਕਿ ਗੁੱਟਾਂ ਵਿਚਕਾਰ ਹੱਥੋ-ਪਾਈ, ਘਸੁੰਨ-ਮੁੱਕੀ, ਡਾਂਗੋ-ਡਾਂਗੀ ਹੋਣ ਤੱਕ ਦੀ ਨੌਬਤ ਆ ਜਾਂਦੀ ਹੈ । ਐਸੇ ਮਨੁੱਖ ਆਪਣੇ ਆਪ ਨੂੰ ਅਖਵਾਂਉਂਦੇ ਤਾਂ ਸੇਵਕ ਹਨ, ਪਰ ਸੇਵਾ ਉਹਨਾਂ ਦੇ ਕਿਰਦਾਰ ਵਿੱਚ ਹੁੰਦੀ ਹੀ ਨਹੀਂ ।' **2 + 8 = 10**

## ਭਾਗ-ਅ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਉੱਤੇ ਇੱਕ-ਇੱਕ ਵਾਕ ਵਿੱਚ ਲਿਖੋ :

   (i) ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਦੇ ਜੁਆਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ ?

   (ii) ਸੂਫੀ ਕਾਵਿ ਦਾ ਮੋਢੀ ਕਵੀ ਕਿਸ ਨੂੰ ਮੰਨਿਆਂ ਜਾਂਦਾ ਹੈ ?

   (iii) ਭਾਰਤ ਦਾ ਕਿਹੜਾ ਵੱਡਾ ਸਨਮਾਨ ਡਾ. ਰਾਧਾ ਕ੍ਰਿਸ਼ਨਨ ਜੀ ਨੂੰ ਦਿੱਤਾ ਗਿਆ ?

   (iv) 'ਸਤਿਗੁਰੂ ਨਾਨਕ ਪ੍ਰਗਟਿਆ' ਸ਼ਬਦ ਦੇ ਬਾਣੀਕਾਰ ਕੌਣ ਹਨ ?

   (v) ਸੋਹਨ ਸਿੰਘ ਭਕਨਾ ਜੀ ਕਿਸ ਲਹਿਰ ਦੇ ਮੋਢੀ ਸਨ ?

   (vi) ਬਲਰਾਜ ਸਾਹਨੀ ਦਾ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ ?

   (vii) ਜੀਤੀ ਕਿਸ ਕਹਾਣੀ ਦੀ ਪਾਤਰ ਹੈ ?

   (viii) 'ਕਸਤੂਰੀ ਵਾਲਾ ਮਿਰਗ' ਕਹਾਣੀ ਦਾ ਲੇਖਕ ਕੌਣ ਹੈ ? **1 × 8 = 8**

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਤੇ 40-50 ਸ਼ਬਦਾਂ ਵਿੱਚ ਲਿਖੋ :

   (i) 'ਤੂ ਠਾਕੁਰੁ' ਵਿੱਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਕਿਹੜੇ ਗੁਣ ਦੱਸੇ ਹਨ ?

   (ii) ਅਜ਼ਾਦੀ ਦਾ ਲੜਾਈ ਸਮੇਂ ਭਾਰਤੀ ਧਾਰਮਿਕ ਭਾਈਚਾਰਿਆਂ ਦੇ ਆਪਸੀ ਸੰਬੰਧ ਕਿਸ ਤਰ੍ਹਾਂ ਦੇ ਸਨ ? ਅਗਲੇ ਜ਼ਮਾਨੇ ਲੇਖ ਦੇ ਆਧਾਰ ਤੇ ਲਿਖੋ ।

   (iii) ਅੰਗਰੇਜ਼ੀ ਰਾਜ ਦੀ ਆਰਥਿਕਤਾ ਨੂੰ ਢਾਹ ਲਾਉਣ ਲਈ ਕੂਕਾ ਲਹਿਰ ਨੇ ਕਿਹੜਾ ਢੰਗ ਅਪਣਾਇਆ ?

   (iv) ਪੰਜਾ ਸਾਹਿਬ ਦੇ ਲੋਕਾਂ ਨੇ ਰੇਲ ਗੱਡੀ ਨੂੰ ਕਿਵੇਂ ਰੋਕਿਆ ਅਤੇ ਕਿਉਂ ਰੋਕਿਆ ?

   (v) 'ਉਹ ਸੋਚਦੀ' ਕਹਾਣੀ ਦੀ ਪਾਤਰ ਜੀਤੀ ਦੀ ਥਾਂ ਜੇ ਤੁਸੀਂ ਹੁੰਦੇ ਤਾਂ ਕੀ ਕਰਦੇ ?

   (vi) ਟਾਲਸਟਾਏ ਨੇ ਕਿਸ ਤਰ੍ਹਾਂ ਦਾਂ ਸਕੂਲ ਖੋਲਿਆ ? ਅਤੇ ਉਸ ਨੂੰ ਬੰਦ ਕਿਉਂ ਕਰਵਾ ਦਿੱਤਾ ਗਿਆ ?

   (vii) ਡਾ. ਰਾਧਾ ਕ੍ਰਿਸ਼ਨਨ ਜੀ ਦਾ ਦੂਜੇ ਧਰਮਾਂ ਬਾਰੇ ਕੀ ਦ੍ਰਿਸ਼ਟੀਕੋਨ ਸੀ ?

   (viii) ਕੈਨੇਡਾ ਵਾਲਿਆ ਨੇ ਪੰਜਾਬੀਆਂ ਦੇ ਉੱਥੇ ਪੁਜਣ ਦਾ ਵਿਰੋਧ ਕਿਉਂ ਕੀਤਾ ?

   (ix) ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਅਦੁੱਤੀ ਕਿਉਂ ਕਿਹਾ ਜਾਂਦਾ ਹੈ ? **2 × 9 = 18**

8. ਹੇਠ ਲਿਖੇ ਪੈਰੇ ਦੇ ਆਧਾਰ ਤੇ, ਹੇਠਾਂ ਕੀਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

   "ਮੈਂ ਆਪਣੀ ਮਾਂ ਨਾਲ ਕਿਤਨਾ ਚਿਰ ਬਹਿਸ ਕਰਦਾ ਰਿਹਾ ! ਮੈਂ ਇਹ ਤਾਂ ਮੰਨ ਸਕਦਾ ਸਾਂ ਕਿ ਪੱਥਰ ਹੇਠੋਂ ਪਾਣੀ ਫੁੱਟ ਆਵੇ । ਸਾਇੰਸ ਨੇ ਕਈ ਤਰੀਕੇ ਕੱਢੇ ਹਨ, ਜਿਨ੍ਹਾਂ ਨਾਲ ਜਿਸ ਥਾਂ ਪਾਣੀ ਹੋਵੇ, ਇਸ ਦਾ ਪਤਾ ਲਾਇਆ ਜਾ ਸਕਦਾ ਹੈ । ਪਰ ਇੱਕ ਇਨਸਾਨ ਦਾ ਰਿੜ੍ਹਦੀ ਆ ਰਹੀ ਪਹਾੜੀ ਨੂੰ ਰੋਕ ਲੈਣਾ, ਮੈਂ ਇਹ ਨਹੀਂ ਮੰਨ ਸਕਦਾ ਸਾਂ ਮੈਂ ਨਹੀਂ ਮੰਨਦਾ ਸਾਂ ਮੇਰੀ ਮਾਂ ਮੇਰੇ ਮੂੰਹ ਵੱਲ ਵੇਖਕੇ ਚੁੱਪ ਹੋ ਗਈ ।"

   (i) ਇਹ ਪੈਰਾ ਕਿਸ ਕਹਾਣੀ ਵਿੱਚੋਂ ਹੈ ? ਲੇਖਕ ਦਾ ਨਾਂ ਵੀ ਲਿਖੋ । **1**

   (ii) ਲੇਖਕ ਦੀ ਮਾਂ ਦੇ ਦੱਸਣ ਅਨੁਸਾਰ ਕਿਸ ਨੇ ਰਿੜ੍ਹਦੀ ਆਉਂਦੀ ਪਹਾੜੀ ਨੂੰ ਰੋਕਿਆ ਸੀ ? **1**

   (iii) ਇਸ ਸਥਾਨ ਦਾ ਅੱਜ ਕੁੱਲ ਨਾਂ ਕੀ ਹੈ ? ਅਤੇ ਕਿੱਥੇ ਹੈ, ਇਸ ਸਥਾਨ ਦੀ ਕੀ ਮਹਾਨਤਾ ਹੈ ? **2**

9. "ਦੁਸ਼ਮਣ ਵਰਗੇ ਦੁਸ਼ਮਣ ! ਜਿਹੜੇ ਖੁਰਾਕ ਵਿੱਚ ਮਿਲਾਵਟਾਂ ਕਰਕੇ ਲੋਕਾਂ ਦੀਆਂ ਜਾਨਾ ਖਤਰੇ ਵਿੱਚ ਪਾ ਦੇਣ, ਉਹਨਾਂ ਤੋਂ ਵੱਧ ਹੋਰ ਕੌਣ੍ ਦੁਸ਼ਮਣ ਹੋ ਸਕਦਾ ਹੈ ।" ਰਘੂਨਾਥ ਦੁਆਰਾ ਕਹੀਆਂ ਗਈਆਂ ਇਹ ਗੱਲਾਂ ਉਸ ਦੇ ਆਪਣੇ ਉੱਤੇ ਕਿੰਨੀਆਂ ਕੁ ਢੁਕਦੀਆਂ ਹਨ ? ਆਪਣੇ ਸ਼ਬਦਾਂ ਵਿੱਚ, ਨਾਟਕ ਵਿੱਚੋਂ ਉਦਾਹਰਨਾਂ ਦੇ ਕੇ 100-125 ਸ਼ਬਦਾਂ ਵਿੱਚ ਲਿਖੋ । 5

10. ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕੀ ਫ਼ਰਕ ਆਇਆ ਹੈ ? ਉੱਤਰ ਪ੍ਰਿ. ਤੇਜਾ ਸਿੰਘ ਦੇ ਲੇਖ 'ਅਗਲੇ ਜਮਾਨੇ' ਵਿੱਚੋਂ ਉਦਾਹਰਨਾਂ ਦੇ ਕੇ 100-125 ਸ਼ਬਦਾਂ ਵਿੱਚ ਲਿਖੋ । 5

11. ਹੇਠ ਲਿਖੇ ਕਾਵਿ-ਬੰਦਾਂ ਦੇ ਆਧਾਰ ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਉਮਰ ਗਵਾਈ ਵਿੱਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਨਮਾਜ਼ ਵਹਦਤ ਨਾ ਕੀਤੀ
ਹੁਣ ਕਿਉਂ ਡਰਨਾ ਏ ਧਾੜੇ ਧਾੜ
ਇਸ਼ਕ ਦੀ ਨਵੀਓ ਨਵੀਂ ਬਹਾਰ ।'

(i) ਇਸ ਕਾਵਿ ਟੁਕੜੀ ਦਾ ਕਵੀ ਕੌਣ ਹੈ ? ਕਵਿਤਾ ਦਾ ਸਿਰਲੇਖ ਵੀ ਲਿਖੋ । 1
(ii) ਕਵੀ ਦਾ 'ਅੰਦਰ ਡਰਿਆ ਨਾਲ ਪਲੀਤੀ' ਤੋਂ ਕੀ ਭਾਵ ਹੈ ? 2
(iii) 'ਵਹਦਤ ਨਮਾਜ਼' ਤੋਂ ਕਵੀ ਦਾ ਕੀ ਭਾਵ ਹੈ ? 1
(iv) ਕਵੀ ਅਨੁਸਾਰ ਇਸ਼ਕ ਦੀ ਨਵੀਂ ਬਹਾਰ ਕਿਹੜੀ ਹੈ ? 1

(ਅ) ਆਵੋ ਕਿ ਜਿੰਦਾਂ ਮਹਿੰਗੀਆਂ,
ਆਵੋ ਕਿ ਮੌਤਾਂ ਸਸਤੀਆਂ
ਓਏ ਹੁਸਨ ਦੇ ਵਣਜਾਰਿਓ
ਉਏ ਹੁਨਰ ਦੇ ਵਣਜਾਰਿਓ
ਅੱਜ ਆਪਣੇ ਇਸ਼ਕ ਨੂੰ ਜਾਮਨ ਧਰੋ !
ਦਸਖ਼ਤ ਕਰੋ ।
ਬਰਕਤ ਤੇਰੀ ਆਵਾਜ਼ ਦੀ ਬਰਕਤ ਮੇਰੀ
ਆਵਾਜ਼ ਦੀ
ਤੇ ਬੂੰਦ ਬੂੰਦ ਜੋੜ ਕੇ ਸਾਗਰ ਭਰੋ
ਦਸਖਤ ਕਰੋ ।

(i) ਇਹ ਕਾਵਿ-ਬੰਦ ਕਿਸ ਦਾ ਹੈ ? ਅਤੇ ਕਵਿਤਾ ਦਾ ਸਿਰਲੇਖ ਕੀ ਹੈ ? 1
(ii) ਹੁਸਨ ਦੇ ਵਣਜਾਰੇ ਅਤੇ ਹੁਨਰ ਦੇ ਵਣਜਾਰੇ ਕਿਨ੍ਹਾਂ ਨੂੰ ਕਿਹਾ ਗਿਆ ਹੈ ? 1
(iii) ਆਪਣੇ ਆਪਣੇ ਇਸ਼ਕ ਨੂੰ ਜਾਮਨ ਧਰਨ ਤੋਂ ਕੀ ਭਾਵ ਹੈ ? 2
(iv) ਬੂੰਦ-ਬੂੰਦ ਜੋੜ ਕੇ ਸਾਗਰ ਭਰਨ ਪਿੱਛੋਂ ਕਿਸ ਗੱਲ ਦੀ ਆਸ ਹੈ ? 1